UK Health
Security
Agency

NHS

# ਵੈਕਸੀਨਾਂ ਅਤੇ ਪੋਰਸੀਨ ਜਿਲੇਟਿਨ

## ਇਹ ਪਰਚਾ ਦੱਸਦਾ ਹੈ ਕਿ ਵੈਕਸੀਨਾਂ ਵਿੱਚ ਪੋਰਸੀਨ ਜਿਲੇਟਿਨ ਦੀ ਵਰਤੋਂ ਕਿਵੇਂ ਅਤੇ ਕਿਉਂ ਕੀਤੀ ਜਾਂਦੀ ਹੈ

**ਕੁਝ ਵੈਕਸੀਨਾਂ ਵਿੱਚ ਸੂਰ ਦੇ ਮਾਸ ਦੇ ਤੱਤਾਂ ਦੇ ਮੁੱਦੇ ਨੇ ਕੁਝ ਸਮੂਹਾਂ ਵਿੱਚ ਚਿੰਤਾਵਾਂ ਪੈਦਾ ਕੀਤੀਆਂ ਹਨ।**

ਇਹ ਪਰਚਾ ਇਸ ਉਤਪਾਦ ਵਾਲੀਆਂ ਵੈਕਸੀਨਾਂ ਅਤੇ ਉਪਲਬਧ ਵਿਕਲਪਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਿਕਸਤ ਕੀਤਾ ਗਿਆ ਹੈ।

### ਜਿਲੇਟਿਨ ਕੀ ਹੈ?

ਜਿਲੇਟਿਨ ਇੱਕ ਪਦਾਰਥ ਹੈ ਜੋ ਮੁਰਗੀਆਂ, ਪਸ਼ੂਆਂ, ਸੂਰਾਂ ਅਤੇ ਮੱਛੀਆਂ ਵਰਗੇ ਜਾਨਵਰਾਂ ਦੇ ਕੋਲੇਜਨ ਤੋਂ ਪ੍ਰਾਪਤ ਹੁੰਦਾ ਹੈ। ਕੋਲੇਜਨ ਨਸਾਂ, ਲਿਗਾਮੈਂਟਾਂ, ਹੱਡੀਆਂ ਅਤੇ ਕਾਰਟੀਲੇਜ ਵਿੱਚ ਪਾਇਆ ਜਾਂਦਾ ਹੈ। ਪੋਰਸੀਨ ਜਿਲੇਟਿਨ ਸੂਰਾਂ ਵਿਚਲੇ ਕੋਲੇਜਨ ਤੋਂ ਆਉਂਦਾ ਹੈ। ਦਵਾਈਆਂ ਵਿੱਚ ਵਰਤੋਂ ਲਈ ਜਿਲੇਟਿਨ ਦੇ ਸਾਰੇ ਰੂਪ ਸਖ਼ਤ ਸਫਾਈ ਅਤੇ ਸੁਰੱਖਿਆ ਨਿਯਮਾਂ ਦੇ ਅਧੀਨ ਬਣਾਏ ਜਾਂਦੇ ਹਨ।

### ਪੋਰਸੀਨ ਜਿਲੇਟਿਨ ਵੈਕਸੀਨਾਂ ਵਿੱਚ ਕਿਉਂ ਵਰਤਿਆ ਜਾਂਦਾ ਹੈ?

ਪੋਰਸਾਈਨ ਜਿਲੇਟਿਨ ਦੀ ਵਰਤੋਂ ਬਹੁਤ ਸਾਰੀਆਂ ਦਵਾਈਆਂ ਵਿੱਚ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ ਬਹੁਤ ਸਾਰੇ ਕੈਪਸੂਲ ਅਤੇ ਕੁਝ ਵੈਕਸੀਨਾਂ ਸ਼ਾਮਲ ਹਨ। ਪੋਰਸਾਈਨ ਜਿਲੇਟਿਨ ਦੀ ਵਰਤੋਂ ਵੈਕਸੀਨਾਂ ਵਿੱਚ ਇੱਕ ਸਟੈਬੀਲਾਈਜ਼ਰ (ਸਥਿਰਤਾ ਦੇ ਕਾਰਕ) ਵਜੋਂ ਕੀਤੀ ਜਾਂਦੀ ਹੈ - ਇਹ ਯਕੀਨੀ ਬਣਾਉਣ ਲਈ ਕਿ ਵੈਕਸੀਨ ਸਟੋਰੇਜ ਦੌਰਾਨ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਰਹੇ। ਵੈਕਸੀਨ ਨਿਰਮਾਤਾ ਆਮ ਤੌਰ 'ਤੇ ਸਟੈਬੀਲਾਈਜ਼ਰਾਂ (ਸਥਿਰਤਾ ਦੇ ਕਾਰਕ) ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਜਾਂਚ ਕਰਦੇ ਹਨ ਅਤੇ ਇੱਕ ਅਜਿਹਾ ਸਟੈਬੀਲਾਈਜ਼ਰ (ਸਥਿਰਤਾ ਦਾ ਕਾਰਕ) ਚੁਣਦੇ ਹਨ ਜੋ ਸਥਿਰ, ਚੰਗੀ ਗੁਣਵੱਤਾ ਵਾਲਾ ਅਤੇ ਕਾਫ਼ੀ ਮਾਤਰਾ ਵਿੱਚ ਉਪਲਬਧ ਹੋਵੇ। ਭੋਜਨ ਵਿੱਚ ਵਰਤੇ ਜਾਣ ਵਾਲੇ ਜਿਲੇਟਿਨ ਦੇ ਉਲਟ, ਵੈਕਸੀਨਾਂ ਵਿੱਚ ਵਰਤਿਆ ਜਾਣ ਵਾਲਾ ਉਤਪਾਦ ਬਹੁਤ ਜ਼ਿਆਦਾ ਸ਼ੁੱਧ ਹੁੰਦਾ ਹੈ ਅਤੇ ਪੇਪਟਾਈਡਸ ਨਾਮਕ ਬਹੁਤ ਛੋਟੇ ਅਣੂਆਂ ਵਿੱਚ ਵੰਡਿਆ ਜਾਂਦਾ ਹੈ।

### ਵੈਕਸੀਨਾਂ ਹੋਰ ਸਟੈਬੀਲਾਈਜ਼ਰਾਂ (ਸਥਿਰਤਾ ਦੇ ਕਾਰਕ) ਜਾਂ ਹੋਰ ਕਿਸਮਾਂ ਦੇ ਜਿਲੇਟਿਨ ਨਾਲ ਕਿਉਂ ਨਹੀਂ ਬਣਾਈਆਂ ਜਾ ਸਕਦੀਆਂ?

ਇੱਕ ਵੈਕਸੀਨ ਵਿਕਸਤ ਕਰਨ ਲਈ ਪ੍ਰਯੋਗਸ਼ਾਲਾ ਟੈਸਟਿੰਗ ਅਤੇ ਕਲੀਨਿਕਲ ਅਧਿਐਨਾਂ ਦੇ ਕਈ ਸਾਲ ਲੱਗਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਦੋਵੇਂ ਹੈ। ਇੱਕ ਵਾਰ ਜਦੋਂ ਨਿਰਮਾਤਾ ਵੈਕਸੀਨ ਲਈ ਸਟੈਬੀਲਾਈਜ਼ਰ (ਸਥਿਰਤਾ ਦਾ ਕਾਰਕ) ਚੁਣ ਲੈਂਦਾ ਹੈ, ਤਾਂ ਇਸ ਵਿੱਚ ਕਿਸੇ ਵੀ ਤਬਦੀਲੀ ਲਈ ਵਿਆਪਕ ਪ੍ਰਯੋਗਸ਼ਾਲਾ ਅਤੇ ਕਲੀਨਿਕਲ ਅਧਿਐਨਾਂ ਦੀ ਲੋੜ ਹੋ ਸਕਦੀ ਹੈ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਵੈਕਸੀਨ ਦੀ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਪ੍ਰਭਾਵਿਤ ਨਹੀਂ ਹੋਈ ਹੈ। ਇਸ ਕਾਰਨ ਕਰਕੇ, ਇੱਕ ਵੱਖਰੇ ਸਟੈਬੀਲਾਈਜ਼ਰ (ਸਥਿਰਤਾ ਦੇ ਕਾਰਕ) ਨਾਲ ਇੱਕ ਨਵਾਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਵੈਕਸੀਨ ਵਿਕਸਤ ਕਰਨ ਵਿੱਚ ਕਈ ਸਾਲ ਲੱਗ ਸਕਦੇ ਹਨ ਜਾਂ ਹੋ ਸਕਦਾ ਇਹ ਕਦੇ ਨਾ ਹੋਵੇ।

### ਪੋਰਸੀਨ ਜਿਲੇਟਿਨ ਕਿਸ ਵੈਕਸੀਨ ਵਿੱਚ ਸ਼ਾਮਲ ਹੈ।

ਯੂਕੇ ਦੇ ਰੁਟੀਨ ਟੀਕਾਕਰਨ ਪ੍ਰੋਗਰਾਮ ਵਿੱਚ, 2 ਵੈਕਸੀਨਾਂ ਹਨ ਜਿਨ੍ਹਾਂ ਵਿੱਚ ਪੋਰਸੀਨ ਜਿਲੇਟਿਨ ਹੁੰਦਾ ਹੈ:

- Fluenz®, ਨੱਕ ਰਾਹੀਂ ਸਪਰੇਅ ਰਾਹੀਂ ਦਿੱਤੀ ਜਾਣ ਵਾਲੀ ਵੈਕਸੀਨ ਜੋ ਬੱਚਿਆਂ ਨੂੰ ਫਲੂ ਤੋਂ ਬਚਾਉਂਦੀ ਹੈu
- MMR VaxPro®, ਇੱਕ ਵੈਕਸੀਨ ਜੋ ਖਸਰਾ, ਕੰਨ ਪੇੜੇ ਅਤੇ ਰੁਬੇਲਾ ਤੋਂ ਬਚਾਉਂਦੀ ਹੈ

Immunisation
ਹਰ ਉਮਰ ਵਿੱਚ, ਹਰੇਕ ਦੀ ਰੱਖਿਆ ਕਰਨ ਵਿੱਚ ਮਦਦ ਕਰਨਾ।

## ਵਿਸ਼ਵਾਸ਼ ਅਧਾਰਿਤ ਭਾਈਚਾਰਿਆਂ ਦਾ ਕੀ ਵਿਚਾਰ ਹੈ?

ਪਬਲਿਕ ਹੈਲਥ ਇੰਗਲੈਂਡ (PHE), ਜੋ ਹੁਣ ਯੂਕੇ ਹੈਲਥ ਸਿਕਿਓਰਟੀ ਏਜੰਸੀ (UKHSA) ਦਾ ਹਿੱਸਾ ਹੈ, ਨੇ ਕਸ਼ਰੂਟ ਅਤੇ ਮੈਡੀਸਨ ਇਨਫਰਮੇਸ਼ਨ ਸਰਵਿਸ ਨਾਲ ਸਲਾਹ ਕੀਤੀ, ਜਿਸਨੇ ਕਿਹਾ:

"ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਯਹੂਦੀ ਕਾਨੂੰਨਾਂ ਦੇ ਅਨੁਸਾਰ, ਮੂੰਹ ਰਾਹੀਂ ਨਾ ਲਏ ਜਾਣ ਵਾਲੇ ਉਤਪਾਦਾਂ ਵਿੱਚ ਪੋਰਸੀਨ ਜਾਂ ਹੋਰ ਜਾਨਵਰਾਂ ਤੋਂ ਪ੍ਰਾਪਤ ਸਮੱਗਰੀ ਹੋਣ ਨਾਲ ਕੋਈ ਸਮੱਸਿਆ ਨਹੀਂ ਹੈ। ਇਸ ਵਿੱਚ ਉਹ ਵੈਕਸੀਨਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਨੱਕ ਰਾਹੀਂ ਲਈਆਂ ਜਾਣ ਵਾਲੀਆਂ ਵੈਕਸੀਨਾਂ, ਟੀਕੇ, ਸਪੋਜ਼ਿਟਰੀਜ਼, ਕਰੀਮਾਂ ਅਤੇ ਮਲਮਾਂ ਸ਼ਾਮਲ ਹਨ।"

ਹਾਲਾਂਕਿ, UKHSA ਇਹ ਮੰਨਦਾ ਹੈ ਕਿ ਬ੍ਰਿਟਿਸ਼ ਮੁਸਲਿਮ ਅਤੇ ਯਹੂਦੀ ਭਾਈਚਾਰਿਆਂ ਵਿੱਚ ਵਿਭਿੰਨਤਾ ਹੈ, ਅਤੇ ਕੁਝ ਹੋਰ ਸਮੂਹ ਕਿਸੇ ਵੀ ਸੂਰ ਦੇ ਉਤਪਾਦ ਵਾਲੀਆਂ ਦਵਾਈਆਂ ਅਤੇ ਵੈਕਸੀਨਾਂ ਨੂੰ ਵਰਜਿਤ ਮੰਨ ਸਕਦੇ ਹਨ। ਇਹਨਾਂ ਹਾਲਾਤਾਂ ਵਿੱਚ, ਇਹ ਸੰਭਾਵਨਾ ਹੈ ਕਿ ਜਦੋਂ ਤੱਕ ਕਿ ਕੋਈ ਢੁਕਵਾਂ ਵਿਕਲਪ ਨਾ ਹੋਵੇ ਅਤੇ/ਜਾਂ ਉਤਪਾਦ ਨੂੰ ਜੀਵਨ-ਰੱਖਿਅਕ ਨਾ ਮੰਨਿਆ ਜਾਵੇ ਕੋਈ ਵਿਅਕਤੀ ਬਹੁਤ ਸਾਰੇ ਫਾਰਮਾਸਿਊਟੀਕਲ ਉਤਪਾਦਾਂ ਨੂੰ ਸਵੀਕਾਰ ਕਰਨ ਦੇ ਯੋਗ ਨਹੀਂ ਹੋਵੇਗਾ।

## ਕੀ ਇਹਨਾਂ ਵੈਕਸੀਨਾਂ ਲਈ ਕੋਈ ਢੁਕਵੇਂ ਵਿਕਲਪ ਹਨ?

- **MMR:** ਯੂਕੇ ਵਿੱਚ ਸਾਡੇ ਕੋਲ 2 ਕਿਸਮਾਂ ਦੀਆਂ MMR ਵੈਕਸੀਨਾਂ ਹਨ - MMR VaxPro® ਅਤੇ Priorix®। Priorix® ਵਿੱਚ ਜਿਲੇਟਿਨ ਨਹੀਂ ਹੁੰਦਾ ਅਤੇ ਇਹ MMR VaxPro® ਜਿੰਨੀ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੈ।
- **Fluenz®:** ਬੱਚਿਆਂ ਲਈ ਪਸੰਦੀਦਾ ਵੈਕਸੀਨ ਹੈ, ਅਤੇ ਇਹ ਲਗਾਉਣੀ ਤੇਜ਼, ਆਸਾਨ ਅਤੇ ਦਰਦ ਰਹਿਤ ਹੈ। ਇਹ ਭਾਈਚਾਰੇ ਵਿੱਚ ਫਲੂ ਦੇ ਫੈਲਣ ਨੂੰ ਘਟਾਉਣ ਵਿੱਚ ਵੀ ਬਿਹਤਰ ਹੋ ਸਕਦੀ ਹੈ। ਜੇਕਰ ਤੁਸੀਂ ਪੋਰਸੀਨ ਜਿਲੇਟਿਨ ਵਾਲੀਆਂ ਦਵਾਈਆਂ ਜਾਂ ਵੈਕਸੀਨਾਂ ਨੂੰ ਸਵੀਕਾਰ ਨਹੀਂ ਕਰਦੇ ਹੋ, ਤਾਂ ਇੱਕ ਫਲੂ ਵੈਕਸੀਨ ਟੀਕਾ ਉਪਲਬਧ ਹੈ ਜਿਸ ਵਿੱਚ ਜਿਲੇਟਿਨ ਨਹੀਂ ਹੁੰਦੀ ਹੈ।

## ਕੀ ਹੋਵੇਗਾ ਜੇਕਰ ਲੋਕ ਆਪਣੇ ਲਈ ਜਾਂ ਆਪਣੇ ਬੱਚਿਆਂ ਲਈ ਪੋਰਸੀਨ ਜਿਲੇਟਿਨ ਵਾਲੀਆਂ ਵੈਕਸੀਨਾਂ ਨਹੀਂ ਲਗਵਾਉਣੀਆਂ ਚਾਹੁੰਦੇ?

ਵੈਕਸੀਨੇਸ਼ਨ ਕਰਵਾਉਣੀ ਹੈ ਜਾਂ ਨਹੀਂ, ਜਾਂ ਆਪਣੇ ਬੱਚੇ ਦੀ ਵੈਕਸੀਨੇਸ਼ਨ ਕਰਵਾਉਣੀ ਹੈ, ਇਸ ਬਾਰੇ ਅੰਤਿਮ ਫੈਸਲਾ ਤੁਹਾਡਾ ਹੈ। ਇੱਕ ਸੂਚਿਤ ਫੈਸਲੇ 'ਤੇ ਪਹੁੰਚਣ ਲਈ ਤੁਸੀਂ ਆਪਣੇ ਜਾਂ ਆਪਣੇ ਬੱਚੇ ਦੀ ਵੈਕਸੀਨੇਸ਼ਨ ਕਰਵਾਉਣ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਸਬੂਤਾਂ 'ਤੇ ਵਿਚਾਰ ਕਰਨਾ ਚਾਹ ਸਕਦੇ ਹੋ।

ਉਹ ਮਾਪੇ ਜੋ ਆਪਣੇ ਬੱਚਿਆਂ ਨੂੰ ਪੋਰਸੀਨ ਜਿਲੇਟਿਨ ਵਾਲਾ MMR ਵੈਕਸੀਨ ਨਹੀਂ ਲਗਵਾਉਣਾ ਚਾਹੁੰਦੇ, ਉਨ੍ਹਾਂ ਨੂੰ ਆਪਣੇ GP ਤੋਂ Priorix® ਵੈਕਸੀਨ ਦੀ ਬੇਨਤੀ ਕਰਨੀ ਚਾਹੀਦੀ ਹੈ। 2 ਖੁਰਾਕਾਂ ਦਾ ਪੂਰਾ ਕੋਰਸ ਖਸਰਾ, ਕੰਨ ਪੇੜੇ ਅਤੇ ਰੁਬੇਲਾ ਤੋਂ ਸੁਰੱਖਿਆ ਪ੍ਰਦਾਨ ਕਰੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਪ੍ਰੈਕਟਿਸ ਨੂੰ ਇਸ ਉਤਪਾਦ ਨੂੰ ਵਿਸ਼ੇਸ਼ ਤੌਰ 'ਤੇ ਆਰਡਰ ਕਰਨ ਦੀ ਲੋੜ ਹੋ ਸਕਦੀ ਹੈ ਇਸ ਲਈ ਅਪੌਇੰਟਮੈਂਟ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਵਿਚਾਰ ਦੱਸਣਾ ਮਦਦਗਾਰ ਹੋਵੇਗਾ।

ਜੇਕਰ ਤੁਹਾਡੇ ਬੱਚੇ ਨੂੰ ਕਿਸੇ ਅੰਤਰੀਵ ਸਿਹਤ ਸਥਿਤੀ ਕਾਰਨ ਫਲੂ ਤੋਂ ਉੱਚ ਜੋਖਮ ਹੈ, ਤਾਂ ਨੱਕ ਦੀ ਵੈਕਸੀਨ ਪਸੰਦੀਦਾ ਵਿਕਲਪ ਹੈ। ਜੇਕਰ ਉਹ ਨੱਕ ਰਾਹੀਂ ਸਪਰੇਅ ਨਹੀਂ ਲੈਣਾ ਚਾਹੁੰਦੇ ਜਾਂ ਡਾਕਟਰੀ ਕਾਰਨਾਂ ਕਰਕੇ ਨਹੀਂ ਲੈ ਸਕਦੇ, ਤਾਂ ਉਹਨਾਂ ਨੂੰ ਟੀਕੇ ਦੁਆਰਾ ਫਲੂ ਦੀ ਵੈਕਸੀਨ ਲਗਵਾਉਣੀ ਚਾਹੀਦੀ ਹੈ।

**i ਜੇਕਰ ਤੁਸੀਂ ਵੈਕਸੀਨੇਸ਼ਨਾਂ ਬਾਰੇ ਆਪਣੇ ਫੈਸਲੇ ਲੈਣ ਤੋਂ ਪਹਿਲਾਂ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਡਾਕਟਰ ਜਾਂ ਪ੍ਰੈਕਟਿਸ ਨਰਸ ਨਾਲ ਗੱਲ ਕਰਨਾ ਚਾਹ ਸਕਦੇ ਹੋ। ਇਹ ਖਾਸ ਤੌਰ 'ਤੇ ਮਹੱਤਵਪੂਰਨ ਹੈ ਜੇਕਰ ਤੁਸੀਂ ਉਨ੍ਹਾਂ ਬਿਮਾਰੀਆਂ ਦੇ ਉੱਚ ਜੋਖਮ 'ਤੇ ਹੋ ਜਿਨ੍ਹਾਂ ਨੂੰ ਇਹ ਵੈਕਸੀਨਾਂ ਪ੍ਰਭਾਵਸ਼ਾਲੀ ਢੰਗ ਨਾਲ ਰੋਕਦੀਆਂ ਹਨ।**

© Crown copyright 2025. UK Health Security Agency Gateway number: 2025104. Product code: 2025PGVPAN Panjabi.
Health Publications link: **www.healthpublications.gov.uk/Home.html** and register to order paper copies of leaflets, posters and resources. There are also a range of digital only resources, including translations which you can download now.



Vaccines and porcine gelatine - Panjabi.indd 2 23/07/2025 16:24:13